a2zpapers.com

www.a2zpapers.com

**Exam. Code : 103203**
**Subject Code : 1095**

**B.A./B.Sc. 3rd Semester**

**PUNJABI COMPULSORY**

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਕਿਸੇ **ਇੱਕ** ਕਵਿਤਾ ਦਾ ਸਾਰ ਲਿਖੋ ਅਤੇ ਉਸਦਾ ਸੰਦੇਸ਼ ਵੀ ਸਪੱਸ਼ਟ ਕਰੋ :

   ਕੰਬਦੀ ਕਲਾਈ, ਤਾਜਮਹੱਲ। 15

2. ਕਿਸੇ **ਇੱਕ** ਇਕਾਂਗੀ ਦਾ ਵਿਸ਼ਾ-ਵਸਤੂ ਸਪਸ਼ਟ ਕਰੋ :

   ਸੁਹਾਗ, ਜ਼ਫ਼ਰਨਾਮਾ।

   **ਜਾਂ**

   ਕਿਸੇ **ਦੋ** ਪਾਤਰਾਂ ਦੀ ਪਾਤਰ-ਉਸਾਰੀ ਕਰੋ :

   ਜ਼ੀਨਤ, ਵਜ਼ੀਰਾ, ਹੁਸ਼ਿਆਰ ਚੰਦ, ਔਰੰਗਜ਼ੇਬ। 15

3. ਹੇਠ ਲਿਖੇ ਪੈਰ੍ਹੇ ਦੀ **ਇੱਕ** ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਲਿਖੋ :

   ਮਿੱਤਰਤਾ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਅਸੀਂ ਮਿੱਤਰ ਨਾਲ ਆਪਣੇ ਦੁੱਖ-ਸੁੱਖ, ਡਰ, ਆਸ ਤੇ ਸ਼ੱਕ ਆਦਿ ਦੇ ਭਾਵਾਂ ਨੂੰ ਸਾਂਝੇ ਕਰ ਸਕਦੇ ਹਾਂ। ਭਾਵਾਂ ਨਾਲ ਭਰੇ ਮਨ ਨੂੰ ਅਸੀਂ ਆਪਣੇ ਮਿੱਤਰਾਂ ਅੱਗੇ ਫੋਲ ਕੇ ਹਲਕੇ ਫੁੱਲ ਮਹਿਸੂਸ ਕਰਦੇ ਹਾਂ।



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਸ਼ਰੀਰਕ ਬਿਮਾਰੀਆਂ ਦੇ ਇਲਾਜ ਲਈ ਅਸੀਂ ਦਵਾਈ ਖਾਂਦੇ ਹਾਂ, ਪਰ ਦਿਲ-ਦਿਮਾਗ ਦੇ ਰੋਗਾਂ ਦਾ ਇਲਾਜ ਸੱਚਾ ਮਿੱਤਰ ਹੁੰਦਾ ਹੈ। ਮਿੱਤਰ ਨਾਲ ਭਾਵਾਂ ਦੇ ਆਦਾਨ-ਪ੍ਰਦਾਨ ਨਾਲ ਸਾਡੀ ਖੁਸ਼ੀ ਵਿੱਚ ਵਾਧਾ ਹੁੰਦਾ ਹੈ, ਤੇ ਦੁੱਖ ਘੱਟਦਾ ਹੈ। ਮਿੱਤਰ ਨਾਲ ਗੱਲਾਂ ਕਰਨ ਨਾਲ ਸਾਡੇ ਮਨ ਵਿੱਚੋਂ ਉਲਝਣਾਂ ਤੇ ਭੁਲੇਖੇ ਦੂਰ ਹੋ ਜਾਂਦੇ ਹਨ। ਉਲਝਣਾਂ, ਭੁਲੇਖਿਆਂ ਤੇ ਅਸਥਿਰ ਵਿਚਾਰਾਂ ਵਿੱਚ ਫਸੇ ਮਨ ਨੂੰ ਸੱਚੇ-ਮਿੱਤਰ ਕੋਲੋਂ ਜਦੋਂ ਚੰਗੀ ਸਲਾਹ ਮਿਲਦੀ ਹੈ, ਤੇ ਉਸ ਨੂੰ ਆਪਣੀਆਂ ਔਕੜਾਂ ਵਿੱਚੋਂ ਨਿਕਲਣ ਲਈ ਅਗਵਾਈ ਪ੍ਰਾਪਤ ਹੁੰਦੀ ਹੈ। ਉਸ ਵੇਲੇ ਮਿੱਤਰਤਾ ਪੂਰਨਤਾ ਨੂੰ ਗ੍ਰਹਿਣ ਕਰ ਲੈਂਦੀ ਹੈ, ਜਦੋਂ ਇੱਕ ਮਿੱਤਰ ਤੋਂ ਵਫ਼ਾਦਾਰੀ ਭਰੀ ਸਲਾਹ ਪ੍ਰਾਪਤ ਹੁੰਦੀ ਹੈ। ਸੱਚਾ ਮਿੱਤਰ, ਬਿਨ੍ਹਾਂ ਕਿਸੇ ਹਿਚਕਚਾਹਟ ਦੇ ਸਾਡੀਆਂ ਊਣਤਾਈਆਂ ਤੇ ਘਾਟਿਆਂ ਵਲ ਸਾਡਾ ਧਿਆਨ ਦੁਆਉਂਦਾ ਹੈ ਤੇ ਇਸ ਪ੍ਰਕਾਰ ਸਾਡੇ ਜੀਵਨ ਵਿੱਚ ਉਸਾਰੂ ਰੋਲ ਅਦਾ ਕਰਦਾ ਹੈ। 10

4. ਪ੍ਰਮੁੱਖ ਵਿਆਕਰਨਿਕ ਇਕਾਈਆਂ ਕਿਹੜੀਆਂ-ਕਿਹੜੀਆਂ ਹਨ ਦੱਸੋ ਅਤੇ ਕਿਸੇ ਇੱਕ ਇਕਾਈ ਦੀ ਪਰਿਭਾਸ਼ਾ ਦਿੰਦਿਆਂ ਉਸ ਬਾਰੇ ਵਿਸਥਾਰ ਸਹਿਤ ਸਪੱਸ਼ਟ ਕਰੋ। 10



www.a2zpapers.com
www.a2zpapers.com www.a2zpapers.com
oad free old Question papers gndu, ptu hp board, punjab